**Code No. 7260**

*Roll No. ………………………..*

*SET : D*

# D. El. Ed. 2nd Year Exam., September – 2025

## Pedagogy of Punjabi Language

## पंजाबी भाषा का अध्यापन

## (Course Code : DE-210)

(Only for Fresh/Re-appear Candidates)

**[ Evening Session ]**

*Time : 2 Hours ]* *[ Max. Marks : 35*

*समय : 2 घण्टे ]* *[ अधिकतम अंक : 35*

*सामान्य निर्देश :*

(i) *कृपया जाँच कर लें कि इस प्रश्न-पत्र में मुद्रित पृष्ठ 7 तथा प्रश्न 21 हैं।*

(ii) *प्रश्न-पत्र में दाहिने हाथ की ओर दिये गये **कोड नम्बर** तथा **सेट** को छात्र उत्तर-पुस्तिका के मुख्य-पृष्ठ पर लिखें।*

(iii) *कृपया प्रश्न का उत्तर लिखना शुरू करने से पहले, प्रश्न का क्रमांक अवश्य लिखें।*

(iv) *उत्तर-पुस्तिका के बीच में खाली पन्ना/पन्ने न छोड़ें।*

(v) *उत्तर-पुस्तिका के अतिरिक्त कोई अन्य शीट नहीं मिलेगी। अतः आवश्यकतानुसार ही लिखें और लिखा उत्तर न काटें।*

(vi) *परीक्षार्थी अपना रोल नं० प्रश्न-पत्र पर अवश्य लिखें। रोल नं० के अतिरिक्त प्रश्न-पत्र पर अन्य कुछ भी न लिखें और वैकल्पिक प्रश्नों के उत्तरों पर किसी प्रकार का निशान न लगाएँ।*

(*vii*) *कृपया प्रश्नों का उत्तर देने से पूर्व सुनिश्चित कर लें कि प्रश्न-पत्र पूर्ण व सही है,* ***परीक्षा के उपरान्त इस सम्बन्ध में कोई दावा स्वीकार नहीं किया जायेगा।***

(*viii*) ***सभी प्रश्न अनिवार्य हैं।***

(*ix*) *3 अंक के प्रत्येक प्रश्न का उत्तर लगभग 50 शब्दों में तथा 5 अंक के प्रश्न का उत्तर लगभग 75 शब्दों में दीजिए।*

---

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

**ਯੂਨਿਟ – ਪਹਿਲਾ**

**1.** ਛੰਦਬੱਧ ਰਚਨਾ ਹੈ : 1

(ੳ) ਨਾਟਕ

(ਅ) ਵਾਰਤਕ

(ੲ) ਰੇਖਾ ਚਿੱਤਰ

(ਸ) ਕਵਿਤਾ

**2.** ਪ੍ਰਵਚਨ ਵਿਧੀ ਕਿਸ ਵਿਧੀ ਦੀ ਇੱਕ ਉਪ-ਵਿਧੀ ਹੈ? 1

(ੳ) ਵਾਕਾਂ ਦੀ ਵਿਆਖਿਆ ਵਿਧੀ

(ਅ) ਮੁਹਾਵਰਿਆਂ ਅਤੇ ਅਖੌਤਾਂ ਦੀ ਵਿਆਖਿਆ ਵਿਧੀ

(ੲ) ਸ਼ਬਦਾਂ ਦੀ ਵਿਆਖਿਆ ਵਿਧੀ

(ਸ) ਕਹਾਣੀ ਦੀ ਵਿਆਖਿਆ ਵਿਧੀ

**3.** ਵਾਰਤਕ ਸਿੱਖਿਆ ਦਾ ਮੁੱਖ ਉਦੇਸ਼ ਕੀ ਹੈ? 1

(ੳ) ਸ਼ਬਦਾਂ ਅਤੇ ਮੁਹਾਵਰਿਆਂ ਦੀ ਸਮਝ ਵਿਕਸਿਤ ਕਰਨਾ।

(ਅ) ਗਣਿਤ ਸਿਖਾਉਣਾ।

(ੲ) ਭੌਤਿਕ ਵਿਗਿਆਨ ਸਿਖਾਉਣਾ।

(ਸ) ਸੁਰ ਤਾਲ ਨਾਲ ਕਵਿਤਾ ਯਾਦ ਕਰਵਾਉਣਾ।

**4.** ਕਾਵਿ ਸਿੱਖਿਆ ਵਿੱਚ ਸ਼ਾਮਿਲ ਨਹੀਂ ਹੈ : 1

(ੳ) ਵਿਆਖਿਆ ਵਿਧੀ

(ਅ) ਚਿੱਤਰ ਵਿਧੀ

(ੲ) ਮਿਸ਼ਰਿਤ ਵਿਧੀ

(ਸ) ਪ੍ਰਸ਼ਨੋਤਰੀ ਵਿਧੀ

**5.** ਕਵਿਤਾ ਸਿੱਖਿਆ ਨੂੰ ਪ੍ਰਭਾਵਸ਼ਾਲੀ ਬਣਾਉਣ ਵਿੱਚ ਸ਼ਬਦਾਰਥ ਵਿਧੀ ਕਿਵੇਂ ਸਹਾਇਕ ਹੋ ਸਕਦੀ ਹੈ? 3

**6.** ਵਾਰਤਕ ਸਿੱਖਿਆ ਵਿਦਿਆਰਥੀਆਂ ਲਈ ਕਿਵੇਂ ਮਹੱਤਵਪੂਰਨ ਹੈ? ਸੰਖੇਪ ਚਰਚਾ ਕਰੋ। 3

## ਯੂਨਿਟ – ਦੂਜਾ

**7.** ਸ਼ਬਦ ਚਿੱਤਰ ਕਿਸ ਤਰੀਕੇ ਨਾਲ ਵਿਦਿਆਰਥੀਆਂ ਦੀ ਸਿੱਖਣ ਪ੍ਰਕਿਰਿਆ ਨੂੰ ਸੁਗਮ ਬਣਾਉਂਦੇ ਹਨ? 1

(ੳ) ਦ੍ਰਿਸ਼ਾਂ ਅਤੇ ਭਾਵਾਂ ਦੇ ਆਪਸੀ ਸੰਬੰਧਾਂ ਰਾਹੀਂ

(ਅ) ਆਵਾਜ਼ੀ ਮਾਧਿਅਮ ਰਾਹੀਂ

(ੲ) ਲਿਖਤ ਰਾਹੀਂ

(ਸ) ਵਿਗਿਆਨਕ ਤਰੀਕਿਆਂ ਰਾਹੀਂ

**8.** 'ਸੁਲੇਖ' ਦਾ ਅਰਥ ਕੀ ਹੈ? 1

(ੳ) ਤੇਜ਼ ਲਿਖਾਈ

(ਅ) ਨਕਲ ਲਿਖਾਈ

(ੲ) ਸੁੰਦਰ ਲਿਖਾਈ

(ਸ) ਲੰਬੀ ਲਿਖਾਈ

**9.** ਚਾਰਟ ਦੀ ਸਹਾਇਤਾ ਨਾਤ ਅਧਿਆਪਕ ਪਾਠ-ਸਮੱਗਰੀ ਨੂੰ ਵੱਧ ਤੋਂ ਵੱਧ ਸੁਗਮ ਕਿਵੇਂ ਬਣਾ ਸਕਦਾ ਹੈ? 3

**10.** ਬੋਲਣ ਦੀ ਕੁਸ਼ਲਤਾ ਉਤਸ਼ਾਹਿਤ ਕਰਨ ਲਈ ਕਿਹੜੀਆਂ ਰਚਨਾਤਮਕ ਗਤੀਵਿਧੀਆਂ/ਕਿਰਿਆਵਾਂ ਵਰਤੀਆਂ ਜਾ ਸਕਦੀਆਂ ਹਨ? 5

**ਜਾਂ**

ਪੰਜਾਬੀ ਭਾਸ਼ਾ ਦੀ ਪਾਠ-ਪੁਸਤਕ ਵਿੱਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ?

## ਯੂਨਿਟ – ਤੀਜਾ

**11.** ਮੁਲਾਂਕਣ ਪ੍ਰਕਿਰਿਆ ਹੈ : 1

(ੳ) ਸੰਕੁਚਿਤ

(ਅ) ਕਠੋਰ

(ੲ) ਨਿਰੰਤਰ

(ਸ) ਖੜੋਤ

**12.** ਨਿਬੰਧਾਤਮਿਕ ਪ੍ਰੀਖਿਆ ਵਿੱਚ ਵਿਚਾਰਾਂ ਦੇ ਸੰਗਠਨ ਦੀ ਯੋਗਤਾ ਦੀ ਜਾਂਚ ਕਿਵੇਂ ਕੀਤੀ ਜਾਂਦੀ ਹੈ? 1

(ੳ) ਆਪਣੇ ਸ਼ਬਦਾਂ ਵਿੱਚ ਵਿਚਾਰ ਪ੍ਰਗਟ ਕਰਨ ਕਰਕੇ

(ਅ) ਯਾਦ ਕੀਤੇ ਜਵਾਬ ਲਿਖਣ ਕਰਕੇ

(ੲ) ਮੌਖਿਕ ਜਵਾਬ ਦੇਣ ਕਰਕੇ

(ਸ) ਰੱਟਾ ਲਗਾ ਕੇ ਸਹੀ ਉੱਤਰ ਚੁਣਨ ਕਰਕੇ

**13.** ਅੰਕ ਯੋਜਨਾ ਦੀ ਵਰਤੋਂ ਨਾਲ ਪ੍ਰਸ਼ਨ-ਪੱਤਰ ਕਿਵੇਂ ਬਣਦਾ ਹੈ? 1

(ੳ) ਵਿਅਕਤੀਗਤ ਪਸੰਦ ਨਾਲ

(ਅ) ਅਸੰਤੁਲਿਤ

(ੲ) 'ੳ' ਅਤੇ 'ਅ' ਦੋਵੇਂ ਹੀ ਠੀਕ ਹਨ

(ਸ) ਵਿਗਿਆਨਿਕ ਅਤੇ ਤਰਕਸੰਗਤ

**14.** ਬਹੁ-ਗਿਣਤੀ ਚੋਣ ਪ੍ਰਸ਼ਨ ਕਿਸ ਕਿਸਮ ਦੇ ਪ੍ਰਸ਼ਨ ਹਨ? 1

(ੳ) ਨਿਬੰਧਾਤਮਿਕ ਪ੍ਰੀਖਿਆ

(ਅ) ਵਸਤੂ-ਨਿਸ਼ਠ ਪ੍ਰੀਖਿਆ

(ੲ) ਮੌਖਿਕ ਪ੍ਰੀਖਿਆ

(ਸ) ਲਘੂ ਪ੍ਰਸ਼ਨ-ਉੱਤਰ ਪ੍ਰੀਖਿਆ

**15.** ਰਚਨਾਤਮਕ ਮੁਲਾਂਕਣ ਹੈ : 1

(ੳ) ਵਿਆਪਕ ਮੁਲਾਂਕਣ

(ਅ) ਨਿਰੰਤਰ ਮੁਲਾਂਕਣ

(ੲ) ਦੋਵੇਂ (ੳ) ਅਤੇ (ਅ)

(ਸ) ਇਹਨਾਂ ਵਿੱਚੋਂ ਕੋਈ ਨਹੀਂ

**16.** ਪ੍ਰਸ਼ਨ ਪੱਤਰ ਦੇ ਨਿਰਮਾਣ ਸਮੇਂ ਅਧਿਆਪਕ ਨੂੰ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ? 3

## ਯੂਨਿਟ – ਚੌਥਾ

**17.** ਮਾਈਕਰੋ ਪਾਠ-ਯੋਜਨਾ ਦੌਰਾਨ ਕਿੰਨ੍ਹੇ ਕੌਸ਼ਲਾਂ ਉੱਤੇ ਧਿਆਨ ਦਿੱਤਾ ਜਾਂਦਾ ਹੈ? 1

(ੳ) ਚਾਰ

(ਅ) ਤਿੰਨ

(ੲ) ਦੋ

(ਸ) ਇੱਕ

**18.** ਅਧਿਆਪਕਾਂ ਲਈ ਸਹਾਇਕ ਸਮੱਗਰੀ ਦੀ ਵਰਤੋਂ ਵਿੱਚ ਸਭ ਤੋਂ ਵੱਡੀ ਚੁਣੌਤੀ ਹੈ : 1

(ੳ) ਵਿਦਿਆਰਥੀ ਬਹੁਤ ਧਿਆਨ ਦਿੰਦੇ ਹਨ।

(ਅ) ਉਚਿਤ ਸਮੱਗਰੀ ਉਪਲੱਬਧ ਨਾ ਹੋਣਾ।

(ੲ) ਕਮਰੇ ਵਿੱਚ ਚੁੱਪੀ ਬਣੀ ਰਹਿੰਦੀ ਹੈ।

(ਸ) ਸਮੱਗਰੀ ਹਮੇਸ਼ਾ ਤਿਆਰ ਮਿਲਦੀ ਹੈ।

**19.** ਹਰਿਆਣਾ ਦੀਆਂ ਪੰਜਾਬੀ ਪਾਠ ਪੁਸਤਕਾਂ (ਛੇ ਤੋਂ ਅੱਠ) ਦੀ ਪਾਠ-ਯੋਜਨਾ ਵਿੱਚ ਮੁਲਾਂਕਣ ਦਾ ਮੁੱਖ ਟੀਚਾ ਕੀ ਹੈ? 1

(ੳ) ਅਧਿਆਪਕ ਦੀ ਕਾਰਗੁਜ਼ਾਰੀ ਦੀ ਜਾਂਚ ਕਰਨਾ।

(ਅ) ਪਾਠ ਸਮਾਪਤੀ ਦੀ ਤਿਆਰੀ ਕਰਨਾ।

(ੲ) ਸਿੱਖਿਆ ਉਦੇਸ਼ਾਂ ਦੀ ਪ੍ਰਾਪਤੀ ਅਤੇ ਵਿਦਿਆਰਥੀਆਂ ਦੀ ਸਿੱਖਣ ਸਮਰੱਥਾ ਦੀ ਪੜਚੋਲ ਕਰਨਾ।

(ਸ) ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ।

**20.** ਸਾਧਾਰਨ ਰੂਪ ਵਿੱਚ ਗਿਆਨ ਪ੍ਰਾਪਤ ਕਰਨ ਦੇ ਬੁਨਿਆਦੀ ਮਾਧਿਅਮ ਕਿਹੜੇ ਹਨ? 1

(ੳ) ਪ੍ਰਤੱਖ ਅਨੁਭਵਾਂ ਦੁਆਰਾ

(ਅ) ਅਪ੍ਰਤੱਖ ਅਨੁਭਵਾਂ ਦੁਆਰਾ

(ੲ) ਦੋਵੇਂ (ੳ) ਅਤੇ (ਅ)

(ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

**21.** ਪੰਜਾਬੀ ਭਾਸ਼ਾ ਦੀ ਅੱਠਵੀਂ ਕਲਾਸ ਦੀ ਪਾਠ-ਪੁਸਤਕ ਵਿੱਚੋਂ ਆਪਣੀ ਮਨਪਸੰਦ ਕਵਿਤਾ ਦੀ ਪਾਠ-ਯੋਜਨਾ ਤਿਆਰ ਕਰੋ। 3